
# * ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ *

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਨਿਹਕਲੰਕ ਨਰਾਇਣ ਨਰ



ਹਰਿ ਪੁਰਖ ਅਗੰਮ ਅਗੰਮੜਾ ਅਗੰਮੜੀ ਕਾਰ । ਹੱਡ ਮਾਸ ਨਾੜੀ ਨਾ ਕੋਈ ਪਿੰਜਰ ਨਾ ਕੋਈ ਚਮੜਾ, ਜੋਤੀ ਨੂਰ ਇਕ ਆਕਾਰ । ਮਾਲ ਧਨ ਧਨ ਮਾਲ ਨਾ ਕੋਈ ਪੱਲੇ ਦਮੜਾ, ਸ਼ਬਦ ਵਸਤ ਇਕ ਅਪਰਅਪਾਰ । ਗੁਰਮੁਖਾਂ ਭਾਰੀ ਕਰੇ ਕਰਾਏ ਪਲੜਾ, ਸਿਰ ਰਖ ਹੱਥ ਸਮਰਥ ਕਰਤਾਰ । ਲੋਕਮਾਤ ਦਰ ਦੁਆਰੇ ਅਗੇ ਖਲੜਾ, ਬੀਸ ਇਕੀਸਾ ਹਰਿ ਜਗਦੀਸਾ ਚੌਬੀਆਂ ਅਵਤਾਰ । ਏਕਾ ਘਰ ਸਾਚਾ ਸਰ ਪੁਰਖ ਅਬਿਨਾਸ਼ੀ ਮਲੜਾ, ਨਿਹਕਲੰਕ ਨਰਾਇਣ ਨਰ ਚਿੱਟੇ ਅਸਵ ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਦਾਤਾਰ । ਜੁੜਿਆ ਜੋੜਾ ਜੋਤੀ ਨਿਰੰਕਾਰ । ਲੋਕਮਾਤ ਆਏ ਦੌੜਾ, ਵੇਖ ਵਖਾਏ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਦਰਬਾਰ । ਪਵਣ ਸਵਾਸੀ ਘਨਕਪੁਰ ਵਾਸੀ ਸ਼ਾਹੋ ਸ਼ਬਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰ ਹਰਿ ਸੱਚੀ ਸਰਕਾਰ । ਨਰ ਹਰਿ ਨਰਾਇਣ ਨਰ ਨਿਰੰਕਾਰਿਆ । ਭਗਤ ਭਗਵੰਤ ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ ਵਿਚ ਸੰਸਾਰਿਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਹਰਿ ਸੰਤ ਸੁਹੇਲੇ, ਇਕ ਇਕੇਲੇ ਸ਼ਬਦ ਡੋਰੀ ਨਾਲ ਬੰਧਾ ਰਹਿਆ । ਸ਼ਬਦ ਡੋਰੀ ਬੰਨ੍ਹ ਕਰਤਾਰ । ਲੋਕਮਾਤ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਸ਼ਬਦ ਚਾੜ੍ਹੇ ਸਾਚੀ ਘੋੜੀ, ਪੂਰਬ ਕਰਮ ਰਹਿਆ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤਜਨਾਂ, ਪਹਿਲੀ ਚੇਤ ਭਾਗ ਲਗਾਏ, ਮੰਦਰ ਅੰਦਰ ਕਾਇਆ ਖੇਤ ਸੱਚਾ ਬੇੜਾ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੌਰਾਸੀ ਫੰਦ ਕਟਾਏ, ਅੰਤਮ ਜੋਤੀ ਮੇਲ ਮਿਲਾਏ, ਮਾਨਸ ਜਨਮ ਨਾ ਆਏ ਹਾਰ । ਪਹਿਲੀ ਚੇਤ ਚੇਤਨ ਚਿਤ । ਗੁਰਸੰਗਤ ਮੇਲ ਮਿਲਾਏ, ਪੁਰਖ ਅਬਿਨਾਸ਼ੀ ਸਾਚਾ ਮਿਤ । ਸੋਹੰ ਸ਼ਬਦ ਤੇਲ ਚੜ੍ਹਾਏ, ਚੌਥੇ ਜੁਗ ਵੇਖ ਵਿਖਾਏ ਸਾਚੀ ਥਿਤ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨਭਗਤਾਂ ਦੇਵੇ ਇਕ ਵਰ, ਆਦਿ ਅੰਤ ਨਿਤ ਨਵਿਤ । ਨਿਤ ਨਵਿਤ ਚਾਲ ਨਿਰਾਲੀ । ਗੁਰਮੁਖ ਸਾਚੇ ਸੰਤਜਨਾਂ ਮਾਨਸ ਦੇਹੀ ਲਈ ਜਿਤ, ਮਿਲਿਆ ਨਰ ਹਰਿ ਸੱਚਾ ਪ੍ਰਿਤਪਾਲੀ । ਆਪੇ ਮਾਤ ਆਪੇ ਪਿਤ ਦਿਵਸ ਰੈਣ ਮਧੁਰਾ ਬੈਣਾ, ਕਵਲ ਨੈਣਾ ਘਰ ਸਾਚੇ ਬਹਿਣਾ, ਕਰੇ ਸਦਾ ਰਖਵਾਰ ਸਾਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਗੁਰਸੰਗਤ ਸਾਚਾ ਸਾਕ ਸੱਜਣ ਸੈਣਾ । ਭਾਈ ਭੈਣਾਂ ਖੋਲ੍ਹੇ ਬੰਦ ਕਿਵਾੜੀ ਸਤਾਰਾਂ ਹਾੜੀ, ਦਰਸ ਦਿਖਾਏ ਤੀਜੇ ਨੈਣਾ, ਪਹਿਲੀ ਚੇਤ ਕਰ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਮਾਤ ਉਪਜਾਏ, ਗੁਰਸੰਗਤ ਸੱਚੀ ਫੁਲਵਾੜੀ । ਗੁਰਸੰਗਤ ਸਾਚਾ ਫੂਲ ਗਿਆ ਫੁੱਲ । ਪ੍ਰਭ ਆਪ ਚੁਕਾਏ ਅਗਲਾ ਪਿਛਲਾ ਮੂਲ, ਭਾਗ ਲਗਾਏ ਸਾਚੀ ਕੁਲ । ਏਕਾ ਓਟ ਰਖਾਏ ਕੰਤ ਕੰਤੂਹਲ, ਪੂਰੇ ਤੋਲ ਗਈ ਤੁਲ । ਸੋਹੰ ਸ਼ਬਦ ਪੰਘੂੜਾ ਰਹਿਆ ਝੂਲ, ਸਚਦੁਆਰਾ ਗਿਆ ਖੁਲ । ਸਚ ਸਿੰਘਾਸਣ ਹਰਿ ਬਿਰਾਜੇ, ਨਾ ਕੋਈ ਪਾਵਾ ਨਾ ਕੋਈ ਚੂਲ, ਲੋਕਮਾਤ ਨਾ ਕੋਈ ਲਾਏ ਮੁਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਸੰਗਤ ਲੇਖਾ ਆਪ ਲਿਖਾਇਆ, ਭਰਮ ਭੁਲੇਖਾ ਦੂਰ ਕਰਾਇਆ, ਹਰਿਜਨ ਲੋਕਮਾਤ ਨਾ ਜਾਏ ਰੁਲ ।


( ੧ ਚੇਤ ੨੦੧੨ ਬਿਕ੍ਰਮੀ )

ਹਰਿ ਜੋਤੀ ਮੇਲ ੧੭ ਹਾੜ ੨੦੧੨ ਬਿਕ੍ਰਮੀ

ਵੱਲੋਂ : ਸਰਬ ਸੰਗਤ ਸੇਵਾਦਾਰ ਪੂਰਨ ਸਿੰਘ ਜੇਠੂਵਾਲ ਜਿਲ੍ਹਾ ਅੰਮ੍ਰਿਤਸਰ ।

# * सोहं महाराज शेर सिंघ विष्णू भगवान दी जै *

महाराज शेर सिंघ विष्णू भगवान दी जै
निहकलंक नरायण नर



हरि पुरख अगँम अगम्ड़ा, अगम्ड़ी कार । हड्ड मास नाड़ी ना कोई पिंजर ना कोई चमड़ा, जोती नूर इक अकार । माल धन धन माल ना कोई पल्ले दमड़ा, शब्द वस्त इक अपर अपार । गुरमुखां भारी करे कराए पलड़ा, सिर रख हत्थ समरत्थ करतार । लोकमात दर दवारे अग्गे खलड़ा, बीस इक्कीसा हरि जगदीसा चवियां अवतार । ऐका घर साचा सर पुरख अविनाशी मलड़ा, निहकलंक नरायण नर चिट्टे असव शब्द घोड़े हो असवार । शब्द घोड़ा हरि दातार । जुड़िया जोड़ा जोती निरंकार । लोकमात आए दौड़ा वेख वखाए मिठ्ठा कौड़ा, राज राजान शाह सुल्तान सच्च दरबार । पवण स्वासी घनकपुर वासी शाहो शाबाशी महाराज शेर सिंह विष्णू भगवान, नर हरि सच्ची सरकार । नर हरि नरायण नर निरंकारया । भगत भगवंत साध संत आदि अंत युगा युगंत बणाए बणत विच संसारया । मिले मेल प्रभ साचे कन्त, देवे दरस अगंम अपारया । जोती जोत सरूप हरि, गुरमुख हरि संत सुहेले इक अकेले शब्द डोरी नाल बंधा रिहा । शब्द डोरी बन्न करतार । लोकमात करे चोरी, कलयुग रैण अंधेर घोरी, गुरमुखां करे खबरदार । आप आपणे संग जाए तोरी, शब्द चाढ़े साची घोड़ी, पूरब करम रिहा विचार । जोती जोत सरूप हरि, लोकमात हरि जोत धर, गुरमुख साचे संत जनां, पहली चेत भाग लगाए मन्दर अन्दर काया खेत सच्चा बेड़ा कर तैयार । महाराज शेर सिंघ विष्णू भगवान, लख चुरासी फंद कटाए, अंतम जोती मेल मिलाए, मानस जन्म ना आए हार । पहली चेत चेतन चित । गुर संगत मेल मिलाए, पुरख अविनाशी साचा मित । सोहं शब्द तेल चढ़ाए, चौथे युग वेख वखाए साची थित । जोती जोत सरूप हरि, निहकलंक नरायण नर, जन भगतां देवे इक वर, आदि अन्त नित नवित । नित नवित चाल निराली। गुरमुख साचे संत जनां मानस देही लई जित, मिलया नर हरि सच्चा प्रितपाली। आपे मात आपे पित, दिवस रैण मधरा बैणा, कवल नैणां घर साचे बहणा, करे सदा रखवार सच्चा माली । जोती जोत सरूप हरि, गुर संगत साचा साक सज्जन सैणा । भाई भैणां खोले बंद किवाड़ी सतारां हाढ़ी दरस दिखाए तीजे नैणां, पहली चेत कर तैयारी । महाराज शेर सिंघ विष्णू भगवान, निहकलंक नरायण नर, सत्युग साचे तेरी मात उपजाए गुर संगत सच्ची फुलवाड़ी । गुर संगत साचा फुल्ल गया फुल । प्रभ आप चुकाए अगला पिछला मूल, भाग लगाए साची कुल । ऐका ओट रखाए कन्त कन्तूहल, पूरे तोल गई तुल । सोहं शब्द पंघूड़ा रिहा झूल, सच्च दवारा गया खुल्ल । सच्च सिघासण हरि बिराजे ना कोई पावा ना कोई चूल, लोकमात ना लाए कोई मुल्ल । जोती जोत सरूप हरि, निहकलंक नरायण नर, महाराज शेर सिंघ विष्णू भगवान, हरि संगत लेखा आप लिखाया, भरम भुलेखा दूर कराया, हरिजन लोकमात ना जाए रुल । ( १ चेत २०१२ बिक्रमी )

हरि जोती मेल १७ हाढ़ २०१२ बिक्रमी

वलों : सरब संगत सेवादार पूरन सिंघ जेठूवाल जिला अमृतसर ।